FPM

Faculty of Pain Medicine
ANZCA

# ਆਸਟ੍ਰੇਲੀਆ ਦੇ ਦਰਦ ਸਿੱਖਿਆ ਮਿਆਰ: ਉਹ ਕੀ ਹਨ ਅਤੇ ਕਉਿਂ ਮਾਇਨੇ ਰੱਖਦੇ ਹਨ

ਸਰੀਰਕ, ਮਾਨਸਕਿ ਅਤੇ ਭਾਵਨਾਤਮਕ ਤੌਰ 'ਤੇ ਦਰਦ ਨਾਲ ਜਊਿਣਾ ਔਖਾ ਹੈ। ਆਪਣੇ ਡਾਕਟਰ, ਨਰਸ ਜਾਂ ਸਹਿਤ ਕਰਮਚਾਰੀ ਤੋਂ ਸਹੀ ਦੇਖਭਾਲ ਪ੍ਰਾਪਤ ਕਰਨਾ ਮਹੱਤਵਪੂਰਨ ਹੈ।

ਇਸ ਲਈ ਆਸਟ੍ਰੇਲੀਅਨ ਸਰਕਾਰ ਦੀ ਮਾਲੀ ਸਹਾਇਤਾ ਨਾਲ ਆਸਟ੍ਰੇਲੀਆ ਦੇ ਦਰਦ ਸਿੱਖਿਆ ਮਿਆਰ ਵਿਕਸਤ ਕੀਤੇ ਗਏ ਹਨ। ਇਹ ਮਿਆਰ ਸਹਿਤ ਕਰਮਚਾਰੀਆਂ ਨੂੰ ਦਰਦ ਨੂੰ ਸਮਝਣ ਵਿੱਚ ਮਦਦ ਕਰਨਗੇ, ਅਤੇ ਦਰਦ ਨਾਲ ਜੀਅ ਰਹੇ ਲੋਕਾਂ ਦੀ ਕਵਿੇਂ ਮਦਦ ਕਰਨੀ ਹੈ।

## ਮਿਆਰ ਕੀ ਹਨ?

ਮਿਆਰ ਨਯਿਮ ਜਾਂ ਦਸ਼ਿਾ-ਨਰਿਦੇਸ਼ ਹਨ ਕ ਿਚੀਜ਼ਾਂ ਕਵਿੇਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਹ ਚੀਜ਼ਾਂ ਨੂੰ ਸੁਰੱਖਿਅਤ, ਇਕਸਾਰ ਅਤੇ ਭਰੋਸੇਯੋਗ ਬਣਾਈ ਰੱਖਦੇ ਹਨ।

ਮਿਆਰ ਤੁਹਾਡੇ ਆਲੇ-ਦੁਆਲੇ ਹਨ - ਜਦੋਂ ਇਮਾਰਤਾਂ ਨੂੰ ਭਰੋਸੇਯੋਗ ਹੋਣ ਲਈ ਬਣਾਇਆ ਜਾਂਦਾ ਹੈ, ਜਦੋਂ ਬਮਿਾਰੀ ਨੂੰ ਰੋਕਣ ਲਈ ਭੋਜਨ ਤਆਿਰ ਕੀਤਾ ਜਾਂਦਾ ਹੈ ਜਾਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਸੜਕਾਂ 'ਤੇ ਗੱਡੀ ਚਲਾਉਂਦੇ ਸਮੇਂ।

## ਦਰਦ ਦੇ ਸਿੱਖਿਆ ਮਿਆਰ ਕਉਿਂ ਮਾਇਨੇ ਰੱਖਦੇ ਹਨ?

ਪੁਰਾਣੀ ਦਰਦ ਗੁੰਝਲਦਾਰ ਹੁੰਦੀ ਹੈ, ਅਤੇ ਸਾਰੇ ਸਹਿਤ ਕਰਮਚਾਰੀਆਂ ਨੂੰ ਇਸਦਾ ਚੰਗੀ ਤਰ੍ਹਾਂ ਪ੍ਰਬੰਧਨ ਕਰਨ ਲਈ ਸਖਿਲਾਈ ਨਹੀਂ ਦੱਤਿੀ ਜਾਂਦੀ। ਇਸ ਨਾਲ ਮਾੜੀ ਦੇਖਭਾਲ ਮਲਿ ਸਕਦੀ ਹੈ ਜਾਂ ਇਹ ਮਹਸਿੂਸ ਹੋ ਸਕਦਾ ਹੈ ਕ ਿਤੁਹਾਡੀ ਗੱਲ ਨਹੀਂ ਸੁਣੀ ਜਾ ਰਹੀ ਹੈ ਜਾਂ ਪੂਰੀ ਗੰਭੀਰਤਾ ਨਾਲ ਨਹੀਂ ਲਈ ਜਾ ਰਹੀ ਹੈ।

ਆਸਟ੍ਰੇਲੀਅਨ ਸਟੈਂਡਰਡਜ਼ ਫਾਰ ਹੈਲਥ ਪ੍ਰੈਕਟੀਸ਼ਨਰ ਦਰਦ ਪ੍ਰਬੰਧਨ ਸਿੱਖਿਆ ਦਾ ਉਦੇਸ਼ ਇਸਨੂੰ ਬਦਲਣਾ ਹੈ। ਉਹ ਮਿਆਰ ਇੱਕ ਸਪੱਸ਼ਟ ਯੋਜਨਾ ਪ੍ਰਦਾਨ ਕਰਦੇ ਹਨ ਕ ਿਸਹਿਤ ਪੇਸ਼ੇਵਰਾਂ ਨੂੰ ਦਰਦ ਬਾਰੇ ਕੀ ਸਿੱਖਣਾ ਚਾਹੀਦਾ ਹੈ ਅਤੇ ਉਹ ਦਰਦ ਨਾਲ ਜੀਅ ਰਹੇ ਲੋਕਾਂ ਦੀ ਸਭ ਤੋਂ ਵਧੀਆ ਕਵਿੇਂ ਮਦਦ ਕਰ ਸਕਦੇ ਹਨ।

## ਆਰ, ਦਰਦ ਦੀ ਸਿੱਖਿਆ ਨੂੰ ਇਸ ਤਰ੍ਹਾਂ ਯਕੀਨੀ ਬਣਾਉਂਦੇ ਹਨ:

- ਲੋਕਾਂ ਨੂੰ ਦੇਖਭਾਲ ਦੇ ਕੇਂਦਰ ਵਿੱਚ ਰੱਖਦੇ ਹਨ।
- ਸਭ ਤੋਂ ਵਧੀਆ ਉਪਲਬਧ ਸਬੂਤਾਂ 'ਤੇ ਅਧਾਰਤਿ ਹਨ।
- ਸਿੱਖਿਆ ਅਤੇ ਸਿੱਖਣ ਦੇ ਆਧੁਨਕਿ ਅਤੇ ਪ੍ਰਭਾਵਸ਼ਾਲੀ ਤਰੀਕਆਿਂ ਦੀ ਵਰਤੋਂ ਕਰਦੇ ਹਨ।
- ਸਵੈ-ਜਾਗਰੂਕਤਾ ਅਤੇ ਸਤਕਿਾਰਯੋਗ ਦੇਖਭਾਲ ਨੂੰ ਉਤਸ਼ਾਹਤਿ ਕਰਦੇ ਹਨ।
- ਸੰਚਾਰ ਦੇ ਮਜ਼ਬੂਤ ਹੁਨਰ ਬਣਾਉਂਦੇ ਹਨ।
- ਸਹਿਤ ਕਰਮਚਾਰੀਆਂ ਨੂੰ ਇਕੱਠੇ ਬਹਿਤਰ ਕੰਮ ਕਰਨ ਲਈ ਉਤਸ਼ਾਹਤਿ ਕਰਦੇ ਹਨ।

## ਇਹ ਮਿਆਰ ਸਾਰੇ ਕਰਮਚਾਰੀਆਂ 'ਤੇ ਲਾਗੂ ਹੁੰਦੇ ਹਨ, ਜਨਿ੍ਹਾਂ ਵਿੱਚ ਸ਼ਾਮਲ ਹਨ:

ਡਾਕਟਰ, ਨਰਸਾਂ, ਫਜ਼ਿੀਓਥੈਰੇਪਸਿਟ, ਕਿੱਤਾਮੁਖੀ ਥੈਰੇਪਸਿਟ, ਫਾਰਮਾਸਸਿਟ, ਮਨੋਵਗਿਆਿਨੀ, ਦੰਦਾਂ ਦੇ ਡਾਕਟਰ, ਮਾਲਸ਼ ਵਾਲੇ ਥੈਰੇਪਸਿਟ ਅਤੇ ਬਜ਼ੁਰਗ ਦੇਖਭਾਲ ਵਾਲੇ ਕਰਮਚਾਰੀ।

## ਇਸਦਾ ਤੁਹਾਡੇ ਲਈ ਕੀ ਅਰਥ ਹੈ:

ਜੇਕਰ ਤੁਸੀਂ - ਜਾਂ ਕੋਈ ਜਸਿਦੀ ਤੁਸੀਂ ਪਰਵਾਹ ਕਰਦੇ ਹੋ - ਦਰਦ ਨਾਲ ਜੀਉਂਦੇ ਹੋ, ਤਾਂ ਇਹ ਮਿਆਰ ਸਹਿਤ ਸੰਭਾਲ ਵਿੱਚ ਵਧੇਰੇ ਇਕਸਾਰ ਅਤੇ ਹਮਦਰਦੀ ਵਾਲੀ ਦੇਖਭਾਲ ਪ੍ਰਦਾਨ ਕਰਨ ਵਿੱਚ ਮਦਦ ਕਰਨਗੇ।